ਵੱਲੋਂ

ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ
(ਤਕਨੀਕੀ ਸਿੱਖਿਆ ਵਿੰਗ), ਚੰਡੀਗੜ੍ਹ।

ਸੇਵਾ ਵਿੱਚ

ਪ੍ਰਿੰਸੀਪਲ,
---------------------------
---------------------------
---------------------------

259-358
ਮੀਮੋ ਨੰ: /ਸ-4/ਈ.ਸੀ.ਸੀ./2013 ਮਿਤੀ: 23/1/2013

ਵਿਸ਼ਾ:- ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਸਾਲ 2012-13 ਦੇ ਕਲੇਮ ਦੀ ਅਦਾਇਗੀ ਕਰਨ ਸੰਬਧੀ।

ਉਪਰੋਕਤ ਵਿਸ਼ੇ ਦੇ ਸੰਬਧ ਵਿੱਚ ਐਸ.ਸੀ ਵਿਦਿਆਰਥੀਆਂ ਦੇ ਕੇਸ ਮਿਤੀ 30.11.2012 ਤੱਕ ਮੰਗੇ ਗਏ ਸੀ । ਆਪ ਵੱਲੋ ਭੇਜੇ ਮੁਕੰਮਲ ਕੇਸ ਭਲਾਈ ਵਿਭਾਗ ਨੂੰ ਕਲੇਮਾਂ ਦੀ ਅਦਾਇਗੀ ਸਬੰਧੀ ਭੇਜ਼ ਦਿੱਤੇ ਗਏ ਹਨ।

ਇਸ ਤ੍ਰੋ ਇਲਾਵਾ ਜੇਕਰ ਉਪਰੋਕਤ ਸਕੀਮ ਅਧੀਨ ਕੋਈ ਵੀ ਐਸ.ਸੀ ਕੈਟਾਗਰੀ ਨਾਲ ਸਬੰਧਤ ਹੋਰ ਐਸ.ਸੀ ਯੋਗ ਵਿਦਿਆਰਥੀ ਕਵਰ ਹੁੰਦਾ ਹੈ ਤਾਂ ਉਸ ਦੇ ਕਲੇਮ ਸਬੰਧੀ ਮੁਕੰਮਲ ਕੇਸ ਮਿਤੀ 31.01.2013 ਤੱਕ ਹਰ ਹਾਲਤ ਵਿੱਚ ਭੇਜਣਾ ਯਕੀਨੀ ਬਣਾਇਆ ਜਾਵੇ। ਜੇਕਰ ਮਿਤੀ 31.01.2013 ਤੋਂ ਬਾਅਦ ਕੋਈ ਵੀ ਕੇਸ ਪੈਡਿੰਗ ਰਹਿ ਜਾਂਦਾ ਹੈ ਤਾਂ ਉਸ ਦੀ ਨਿਰੋਲ ਜਿੰਮੇਵਾਰੀ ਆਪ ਦੀ ਸੰਸਥਾ ਦੀ ਹੋਵੇਗੀ । ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਮਿਤੀ 31.01.2013 ਤੋਂ ਬਾਅਦ ਕਿਸੇ ਵੀ ਪ੍ਰਾਈਵੇਟ ਸੰਸਥਾ ਦੇ ਯੋਗ ਉਮੀਦਵਾਰ ਦਾ ਕੇਸ ਕਿਸੇ ਅਣਗਹਿਲੀ ਕਾਰਨ ਭੇਜਣਾ ਰਹਿ ਜਾਂਦਾ ਹੈ ਤਾਂ ਉਸ ਦੇ ਕਲੇਮ ਸਬੰਧੀ ਜੁਮੇਵਾਰੀ ਸੰਸਥਾ ਦੀ ਹੋਵੇਗੀ ਅਤੇ ਜੇਕਰ ਸਰਕਾਰੀ ਕਾਲਜ ਦੇ ਯੋਗ ਵਿਦਿਆਰਥੀ ਦਾ ਕੇਸ ਭੇਜਣਾ ਰਹਿ ਜਾਂਦਾ ਹੈ ਤਾਂ ਉਸ ਦੇ ਕਲੇਮ ਸਬੰਧਤ ਪ੍ਰਿੰਸੀਪਲ ਦੀ ਨਿਜੀ ਜੁਮੇਵਾਰੀ ਹੋਵੇਗੀ।

ਇਸ ਤ੍ਰੋ ਇਲਾਵਾ ਉਪਰੋਕਤ ਸਬੰਧੀ ਹਰ ਸੰਸਥਾ ਇਹ ਸਰਟੀਫਿਕੇਟ ਦੇਵੇਗੀ ਕਿ ਮਿਤੀ 31.01.2013 ਤੋਂ ਬਾਅਦ ਸੰਸਥਾ ਦਾ ਕੋਈ ਐਸ.ਸੀ ਵਿਦਿਆਰਥੀ ਦਾ ਕੇਸ ਸੰਸਥਾ ਪੱਧਰ ਤੇ ਪੈਡਿੰਗ ਨਹੀ ਹੈ।

23/1/13

ਨੱਥੀ/ਉਪਰੋਕਤ ਅਨੁਸਾਰ

ਵਧੀਕ ਡਾਇਰੈਕਟਰ
ਵਾ:ਡਾਇਰੈਕਟਰ, ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

23/1/2013